The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644



The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News



RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੌਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੋਵਿੰਗ
CONTACT RAJ : 021874730, 021874702, 0800 253 2687
www.redcleaning.co.nz



05 July 2019 Daily, editornztasveer@gmail.com designnztasveer@gmail.com Ph/Fax: 09 390 4644 FREE


## ਆਕਲੈਂਡ ਵਿਖੇ ਲੇਡੀਜ਼ ਕਲਚਰਲ ਨਾਈਟ 24 ਅਗਸਤ ਨੂੰ




ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ : WOMEN LAVE TRUST ਵੱਲੋਂ ਲੇਡੀਜ਼ ਕਲਚਰਲ ਨਾਈਟ 2019, VODAFOAN EVENT CENTRE MANUKAU, ਆਕਲੈਂਡ ਵਿਖੇ 24 ਅਗਸਤ ਨੂੰ ਸ਼ਾਮ 6 ਵਜੇ ਕਰਵਾਈ ਜਾ ਰਹੀ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਪ੍ਰੋਗਰਾਮ ਸ਼ਾਮ 6 ਵਜੇ ਤੋਂ ਰਾਤ 11:30 ਵਜੇ ਤੱਕ ਕਰਵਾਇਆ ਜਾਵੇਗਾ। ਇਹ ਪ੍ਰੋਗਰਾਮ ਪੂਰੀ ਤਰ੍ਹਾਂ ਪਰਿਵਾਰਕ ਪ੍ਰੋਗਰਾਮ ਹੋਵੇਗਾ ਜਿਸ ਵਿੱਚ ਗਿੱਧਾ ਭੰਗੜਾ, ਬਾਲੀਵੁੱਡ,ਵੈਲੀ, Zumba,Samba ਤੋਂ ਇਲਾਵਾ ਲਾਈਵ ਪੰਜਾਬੀ ਅਤੇ ਹਿੰਦੀ ਡੀਜੇ ਦਾ ਭਰਪੂਰ ਆਨੰਦ ਲਿਆ ਜਾ ਸਕੇਗਾ ।ਇਸ ਪ੍ਰੋਗਰਾਮ ਲਈ ਟਿਕਟਾਂ ਉਪਲੱਬਧ ਹਨ ਅਤੇ ਪ੍ਰੋਗਰਾਮ ਦੌਰਾਨ ਗੱਡੀਆਂ ਲਈ ਫ੍ਰੀ ਪਾਰਕਿੰਗ ਦਾ ਵੀ ਪ੍ਰਬੰਧ ਕੀਤਾ ਗਿਆ ਹੈ ।ਭਾਰਤੀ ਭਾਈਚਾਰੇ ਦੇ ਲੋਕਾਂ ਨੂੰ ਪ੍ਰਬੰਧਕਾਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਹ ਇਸ ਪ੍ਰੋਗਰਾਮ ਵਿੱਚ ਪਹੁੰਚ ਕੇ ਇਸ ਪ੍ਰੋਗਰਾਮ ਦਾ ਹਿੱਸਾ ਬਣਨ ।

## ਨਿਊਜ਼ੀਲੈਂਡ ਨੇ ਗੂਗਲ ਦੀ ਗਲਤੀ 'ਤੇ ਕੀਤੀ ਸਖਤ ਆਲੋਚਨਾ

ਨਿਊਜ਼ੀਲੈਂਡ ਅਤੇ ਗੂਗਲ ਇਕ ਵਾਰ ਫਿਰ ਇਕ ਹੱਤਿਆ ਦੇ ਮਾਮਲੇ ਵਿਚ ਆਹਮੋ-ਸਾਹਮਣੇ ਹਨ। ਨਿਊਜ਼ੀਲੈਂਡ ਦੀ ਅਦਾਲਤ ਨੇ ਹੱਤਿਆ ਦੇ ਇਕ ਮੁਕੱਦਮੇ ਦੌਰਾਨ ਦੋਸ਼ੀ ਦਾ ਨਾਮ ਨਾ ਜ਼ਾਹਰ ਕਰਨ ਨੂੰ ਲੈ ਕੇ ਨਿਰਦੇਸ਼ ਦਿੱਤਾ ਸੀ ਪਰ ਇਕ ਗੂਗਲ ਨਿਊਜ਼ ਈ-ਮੇਲ ਵਿਚ ਉਸ ਦੇ ਨਾਮ ਦਾ ਜ਼ਿਕਰ ਹੈ। ਅਸਲ ਵਿਚ 22 ਸਾਲਾ ਗ੍ਰੇਸ ਮਿਲਾਨ ਦੀ ਪਿਛਲੇ ਸਾਲ ਦਸੰਬਰ ਵਿਚ ਆਕਲੈਂਡ ਪਹੁੰਚਣ ਦੇ ਬਾਅਦ ਹੱਤਿਆ ਕਰ ਦਿੱਤੀ ਗਈ ਸੀ। ਇਸ ਵਾਰਦਾਤ ਨੇ ਪੂਰੇ ਨਿਊਜ਼ੀਲੈਂਡ ਨੂੰ ਹਿਲਾ ਦਿੱਤਾ ਸੀ।ਜ਼ਿਕਰਯੋਗ ਹੈ ਕਿ ਲੋਕਾਂ ਵਿਚ ਇਕ ਗੂਗਲ ਨਿਊਜ਼ ਈ-ਮੇਲ ਸ਼ੇਅਰ ਹੋਈ, ਜਿਸ ਵਿਚ ਗ੍ਰੇਸ ਦੇ ਦੋਸ਼ੀ ਕਾਤਲ ਦਾ ਨਾਮ ਹੈ। ਨਿਊਜ਼ੀਲੈਂਡ ਦੀ ਅਦਾਲਤ ਨੇ ਉਸ ਦਾ ਨਾਮ ਜ਼ਾਹਰ ਨਾ ਕਰਨ ਦਾ ਨਿਰਦੇਸ਼ ਦਿੱਤਾ ਸੀ। ਗੂਗਲ ਨੇ ਇਸ ਸਬੰਧੀ ਇਸੇ ਹਫਤੇ ਕਿਹਾ ਹੈ ਕਿ ਉਨ੍ਹਾਂ ਦੀ ਕੰਪਨੀ ਆਪਣੀ ਨੀਤੀ ਵਿਚ ਤਬਦੀਲੀ ਦੀ ਕੋਈ ਲੋੜ ਮਹਿਸੂਸ ਨਹੀਂ ਕਰਦੀ ਕਿਉਂਕਿ ਵਿਦੇਸ਼ਾਂ ਵਿਚ ਇਸ ਘਟਨਾ 'ਤੇ ਕਾਫੀ ਖਬਰਾਂ ਕੀਤੀਆਂ ਗਈਆਂ ਹਨ।



## ਨਿਊਜੀਲੈਂਡ ਕੈਪਟਨ ਵਿਲੀਅਮਸਨ ਨੇ ਦਿੱਤੀ ਧਮਕੀ




ਵਿਲੀਅਮਸਨ ਨੇ ਕਿਹਾ ਕਿ ਸਾਨੂੰ ਪਿਛਲੇ ਮੈਚਾਂ ਦੀ ਤੁਲਨਾ 'ਚ ਬਹੁਤ ਜ਼ਿਆਦਾ ਮੈਚ ਹੋਣੇ ਚਾਹੀਦੇ ਸੀ। ਇਹ ਮਹੱਤਵਪੂਰਨ ਹੈ ਕਿ ਸਾਨੂੰ ਆਪਣੀ ਗਲਤੀਆਂ ਤੋਂ ਸਿੱਖਣਾ ਚਾਹੀਦਾ ਤੇ ਅੱਗੇ ਵਧਣਾ ਚਾਹੀਦਾ। ਇੰਗਲੈਂਡ ਦੀ ਟੀਮ ਦੇ ਬਾਰੇ 'ਚ ਗੱਲ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਹਾਲਾਤ ਦੇ ਹਿਸਾਬ ਨਾਲ ਆਪਣੀ ਵਧੀਆ ਕ੍ਰਿਕਟ ਖੇਡੀ ਪਰ ਉਸਦੀ ਟੀਮ ਸ਼ਾਨਦਾਰ ਹੈ। ਹਾਲਾਤ ਦੇ ਹਿਸਾਬ ਨਾਲ ਤੈਅ ਨਹੀਂ ਹੁੰਦਾ ਪਰ 20 ਓਵਰ ਦੀ ਬੱਲੇਬਾਜ਼ੀ ਤੋਂ ਬਾਅਦ ਸਭ ਬਦਲ ਜਾਂਦਾ ਹੈ। ਵਿਲੀਅਮਸਨ ਨੇ ਕਿਹਾ ਕਿ ਇੰਗਲੈਂਡ ਦੇ ਗੇਂਦਬਾਜ਼ਾਂ ਨੇ ਸ਼ੁਰੂ ਤੋਂ ਹੀ ਸਾਡੇ 'ਤੇ ਦਬਾਅ ਬਣਾਏ ਰੱਖਿਆ ਜਿਸ ਦੇ ਲਈ ਉਨ੍ਹਾਂ ਨੂੰ ਪੂਰਾ ਕ੍ਰੈਡਿਟ ਜਾਂਦਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਅਸੀਂ ਸੋਚ ਰਹੇ ਸੀ ਅਸੀਂ ਖੇਡ 'ਚ ਬਣੇ ਹੋਏ ਹਾਂ ਤੇ ਇਹ ਵਧੀਆ ਸੀ ਕਿ ਉਨ੍ਹਾਂ ਨੇ ਸਾਨੂੰ ਪਿੱਛੇ ਵੱਲ ਧੱਕ ਦਿੱਤਾ। ਸਾਨੂੰ ਸਾਂਝੇਦਾਰੀ ਦੀ ਜ਼ਰੂਰਤ ਸੀ ਤੇ ਅਸੀਂ ਖੇਡ ਨੂੰ ਠੀਕ ਦਿਸ਼ਾ 'ਚ ਨਹੀਂ ਲੈ ਕੇ ਜਾ ਸਕੇ। ਵਿਲੀਅਮਸਨ ਨੇ ਕਿਹਾ ਕਿ ਹੁਣ ਸਾਨੂੰ ਬਹੁਤ ਕੁਝ ਸਿੱਖਣ ਦੀ ਜ਼ਰੂਰਤ ਹੈ। ਜੇਕਰ ਸਾਨੂੰ ਮੌਕਾ ਮਿਲਦਾ ਹੈ ਤਾਂ ਸੈਮੀਫਾਈਨਲ 'ਚ ਕੁਝ ਵੀ ਹੋ ਸਕਦਾ ਹੈ ਤੇ ਹੁਣ ਤਕ ਅਸੀਂ ਆਪਣੀ ਵਧੀਆ ਕ੍ਰਿਕਟ ਖੇਡੀ ਹੈ।

## ਆਕਲੈਂਡ 'ਚ RONKINI GUPTA ਦਾ ਸ਼ੋਅ ਯਾਦਗਾਰੀ ਹੋ ਨਿਬੜਿਆ




ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਸਮੇਂ-ਸਮੇਂ 'ਤੇ ਭਾਰਤੀ ਪਰਵਾਸੀਆਂ ਵੱਲੋਂ ਨਿਊਜੀਲੈਂਡ 'ਚ ਕਈਂ ਤਰਾਂ ਦੇ ਕਲਚਰਲ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਂਦਾ ਹੈ। ਬੀਤੇ ਦਿਨੀਂ Dorothy Winstone Centre AF Howe St.Auckland ਵਿਖੇ ਇੱਕ ਯੂ ਏ ਇੰਟਰਨੈਸ਼ਨਲ, ਟਰੈਵਲ ਪੁਆਇੰਟ ਅਤੇ ਐੱਨ ਜ਼ੈੱਡ ਐਸ ਈ (ਨਿਊਜੀਲੈਂਡ ਸਕੂਲ ਆਫ ਐਜੂਕੇਸਨ) ਦੇ ਸਾਂਝੇ ਯਤਨਾਂ ਨਾਲ ਇੱਕ ਭਾਰਤੀ ਸੰਸਕ੍ਰਿਤੀ ਨਾਲ ਸਬੰਧਤ ਪ੍ਰੋਗਰਾਮ ROCK ÒNÒ RAGA ਦਾ ਆਯੋਜਿਨ ਕੀਤਾ ਗਿਆ। ਜਿਸ ਵਿੱਚ ਭਾਰਤ ਦੀ ਪ੍ਰਸਿੱਧ ਕਲਾਕਾਰ RONKINI GUPTA ਨੇ ਦਰਸ਼ਕਾਂ ਨੂੰ ਆਪਣੀ ਕਲਾ ਨਾਲ ਝੂਮਣ ਲਾ ਦਿੱਤਾ। ਜਿਕਰਯੋਗ ਹੈ ਕਿ RONKINI GUPTA ਗੁਪਤਾ ਇੱਕ ਪਲੇਅ ਬੈਕ ਗਾਇਕਾ ਹੈ ਜਿਸ ਨੇ ਸੂਈ ਧਾਗਾ ਅਤੇ Tumhari Sulu ਵਰਗੀਆਂ ਮਸ਼ਹੂਰ ਫਿਲਮਾਂ ਲਈ ਗੀਤ ਗਾਏ ਹਨ। ਉਹ ਦੋ ਵਾਰ ਫਿਲਮਫੇਅਰ ਐਵਾਰਡ ਲਈ ਵੀ ਚੁਣੀ ਜਾ ਚੁੱਕੀ ਹੈ। ਸੰਨ 2004 ਵਿੱਚ ਉਹ ਸੰਗੀਤ ਪਰੀਸ਼ਦ ਹਿੰਦੋਸਤਾਨ ਕਲਾਸੀਕਲ ਦੇ ਸਾ ਰੇ ਗਾ ਮਾ ਵਰਲਡ ਸੀਰੀਜ ਦੀ ਵੀ ਜੇਤੂ ਹੈ।ਆਕਲੈਂਡ 'ਚ ਹੋਏ ਉਸ ਦੇ ਸ਼ੋਅ ਦੌਰਾਨ ਦਰਸ਼ਕਾਂ ਦਾ ਠਾਠਾ ਮਾਰਦਾ ਇੱਕਠ ਵੇਖਣ ਨੂੰ ਮਿਲਿਆ ਅਤੇ ਸਾਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ।ਇਸ ਮੌਕੇ ਸ੍ਰ. ਪ੍ਰਿਥੀਪਾਲ ਸਿੰਘ ਨੇ **RONKINI GUPTA** ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ। ਇਸ ਮੌਕੇ ਹੋਰ ਵੀ ਕਈਂ ਕਲਾਕਾਰਾਂ ਨੇ ਆਪਣੀ ਕਲਾ ਦਾ ਰੰਗ ਬਿਖੇਰਿਆ। ਜਿਨ੍ਹਾਂ ਵਿੱਚ ਮੁੰਬਈ ਤੋਂ ਪਹੁੰਚੇ GUNCHA, HEMANT,BHAVANA, ARPITA ਦੇ ਮਿਉਜੀਕਲ ਬੈਂਡ ਨੇ ਵੀ ਦਰਸ਼ਕਾਂ ਦਾ ਮਨ ਮੋਹ ਲਿਆ। ਖਾਣ-ਪੀਣ ਦਾ ਪ੍ਰਬੰਧ ਵੀ ਉਚੇਚੇ ਤੌਰ 'ਤੇ ਕੀਤਾ ਗਿਆ ਸੀ।

## ਨਿਊਜੀਲੈਂਡ ਖਿਡਾਰੀ ਪਿਤਾ ਤੋਂ ਇਕ ਕਦਮ ਬਿਹਤਰ ਪ੍ਰਦਰਸ਼ਨ ਕਰਨਾ ਚਾਹੁੰਦੈ



ਨਿਊਜ਼ੀਲੈਂਡ ਦੇ ਟਾਮ ਲਾਥਮ ਦੇ ਪਿਤਾ 1992 ਵਰਲਡ ਕੱਪ ਵਿਚ ਸੈਮੀਫਾਈਨਲ ਤੱਕ ਪਹੁੰਚਣ ਵਾਲੀ ਟੀਮ ਦਾ ਹਿੱਸਾ ਸਨ ਅਤੇ ਇਸ ਵਿਕਟਕੀਪਰ ਬੱਲੇਬਾਜ਼ ਦਾ ਕਹਿਣਾ ਹੈ ਕਿ ਉਹ ਮੌਜੂਦਾ ਗੇੜ ਵਿਚ ਇਕ ਕਦਮ ਅੱਗੇ ਜਾਣ ਲਈ ਵਚਨਬੱਧ ਹਨ। ਨਿਊਜ਼ੀਲੈਂਢ ਨੇ ਕਦੇ ਵੀ ਵਰਲਡ ਕੱਪ ਨਹੀਂ ਜਿੱਤਿਆ ਹੈ ਅਤੇ ਇੰਗਲੈਂਡ ਹੱਥੋਂ 119 ਦੌੜਾਂ ਨਾਲ ਹਾਰਨ ਦੇ ਬਾਵਜੂਦ ਉਹ ਆਖਰੀ ਚਾਰ ਵਿਚ ਪਹੁੰਚਣ ਦੇ ਕਰੀਬ ਹੈ ਕਿਉਂਕਿ ਪਾਕਿਸਤਾਨ ਨੂੰ ਬੰਗਲਾਦੇਸ਼ 'ਤੇ ਅਸੰਭਵ ਜਿੱਤ ਹਾਸਲ ਕਰਨ ਦੀ ਜ਼ਰੂਰਤ ਹੈ। ਨਿਊਜ਼ੀਲੈਂਡ ਲਈ 4 ਟੈਸਟ ਅਤੇ 33 ਵਨ ਡੇ ਖੇਡਣ ਵਾਲੇ ਰਾਡ ਲਾਥਮ ਉਸ ਨਿਊਜ਼ੀਲੈਂਡ ਟੀਮ ਦਾ ਹਿੱਸਾ ਸਨ ਜੋ 1992 ਵਰਲਡ ਕੱਪ ਵਿਚ ਪਾਕਿਸਤਾਨ ਹੱਥੋਂ ਹਾਰ ਗਈ ਸੀ ਜਿਸ ਨੇ ਬਾਅਦ ਵਿਚ ਖਿਤਾਬ ਜਿੱਤਿਆ ਸੀ।ਟਾਮ ਨੇ ਕਿਹਾ, "ਮੈਂ ਉਸ ਟੂਰਨਾਮੈ2ਟ ਦੇ ਬਾਰੇ ਵਿਚ ਉਨ੍ਹਾਂ ਤੋਂ ਕਈ ਸਾਲਾਂ ਤੱਕ ਗੱਲ ਕੀਤੀ ਅਤੇ ਉਹ ਵੀ ਇਸੇ ਸਵਰੂਪ ਵਿਚ ਖੇਡਿਆ ਗਿਆ ਸੀ।

ਉਮੀਦ ਹੈ ਕਿ ਅਸੀਂ ਉਸ ਟੀਮ ਤੋਂ ਇਕ ਕਦਮ ਬਿਹਤਰ ਕਰ ਸਕਦੇ ਹਾਂ।" 27 ਸਾਲਾ ਟਾਮ ਨੇ ਬੁੱਧਵਾਰ ਨੂੰ ਟੂਰਨਾਮੈਂਟ ਦਾ ਪਹਿਲਾ ਅਰਧ ਸੈਂਕੜਾ ਲਗਾਇਆ ਅਤੇ ਉਸਦੀ ਪਾਰੀ ਦਾ ਅੰਤ ਲਿਆਮ ਪਲੰਕੇਟ ਨੇ ਕੀਤਾ। ਉਸ ਨੇ ਕਿਹਾ ਕਿ ਕ੍ਰੀਜ਼ 'ਤੇ ਸਮਾਂ ਬਿਤਾਉਣਾ ਸ਼ਾਨਦਾਰ ਰਿਹਾ ਪਰ ਨਤੀਜਾ ਸਾਡੇ ਹੱਕ 'ਚ ਨਹੀਂ ਰਿਹਾ।

## ਅਮਰੀਕੀ ਪੰਜਾਬੀ ਨੇ ਇਸ ਕਾਰਨ ਮਾਰੇ ਸੀ ਸਹੁਰਾ ਪਰਿਵਾਰ ਦੇ 4 ਜੀਅ

ਅਮਰੀਕਾ ਦੀ ਧਰਤੀ 'ਤੇ ਪੰਜਾਬੀ ਪਰਿਵਾਰ ਦੇ 4 ਜੀਆਂ ਦੇ ਕਤਲ ਮਾਮਲੇ 'ਚ ਅਮਰੀਕਾ ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ। ਜਾਣਕਾਰੀ ਮੁਤਾਬਕ ਦੋਸ਼ੀ ਕੋਈ ਹੋਰ ਨਹੀਂ ਸਗੋਂ ਪਰਿਵਾਰ ਦਾ ਜਵਾਈ ਗੁਰਪ੍ਰੀਤ ਸਿੰਘ ਹੀ ਨਿਕਲਿਆ, ਜਿਸਨੇ ਪੂਰੇ ਪਰਿਵਾਰ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਕਤਲ ਦੀ ਵਜ੍ਹਾ ਗੁਰਪ੍ਰੀਤ ਦੇ ਨਾਜਾਇਜ਼ ਸਬੰਧ ਤੇ ਜਾਇਦਾਦ ਦਾ ਝਗੜਾ ਦੱਸਿਆ ਜਾ ਰਿਹਾ ਹੈ। ਪਿਛੋਂ ਸਮਰਾਲਾ ਦੇ ਪਿੰਡ ਮਾਨੂਪੁਰ ਗੌਂਸਲਾ ਦੇ ਰਹਿਣ ਵਾਲੇ ਗੁਰਪ੍ਰੀਤ ਦੇ ਕਿਸੇ ਔਰਤ ਨਾਲ ਨਾਜਾਇਜ਼ ਸੰਬੰਧ ਸਨ, ਜਿਸ ਕਰਕੇ ਘਰ 'ਚ ਕਲੇਸ਼ ਰਹਿੰਦਾ ਸੀ ਇਸੇ ਕਲੇਸ਼ ਦੇ ਚੱਲਦਿਆਂ ਉਸਨੇ ਆਪਣੇ ਸਹੁਰੇ ਹਕੀਕਤ ਸਿੰਘ, ਸੱਸ, ਮਾਸੀ ਸੱਸ ਤੇ ਪਤਨੀ ਨੂੰ ਕਤਲ ਕਰ ਦਿੱਤਾ ਸੀ। ਪਰਿਵਾਰ ਮੁਤਾਬਕ ਹਕੀਕਤ ਸਿੰਘ ਨੂੰ ਪਹਿਲਾਂ ਹੀ ਡਰ ਸੀ ਉਸਦੇ ਨਾਲ ਕੋਈ ਅਣਹੋਣੀ ਹੋ ਸਕਦੀ ਹੈ। ਦੱਸ ਦੇਈਏ ਕਿ 28 ਅਪ੍ਰੈਲ ਨੂੰ ਅਮਰੀਕਾ ਦੇ ਸ਼ਹਿਰ ਵੈਸਟ ਚੈਸਟਰ ਓਹਿਓ ਸਟੇਟ 'ਚ ਗੁਰਪ੍ਰੀਤ ਨੇ ਆਪਣੀ ਪਤਨੀ ਸਣੇ ਸਹੁਰੇ ਪਰਿਵਾਰ ਦੇ 4 ਜੀਆਂ ਦੀ ਹੱਤਿਆ ਕਰ ਦਿੱਤੀ ਸੀ, ਜਿਸ ਤੋਂ ਬਾਅਦ ਲੋਕਾਂ ਨੇ ਇਨਸਾਫ ਲਈ ਰੋਸ ਮਾਰਚ ਵੀ ਕੱਢਿਆ ਸੀ

## ਕੈਨੇਡਾ : 6 ਲੱਖ ਪਲਾਸਟਿਕ ਬੋਤਲਾਂ ਨਾਲ ਬਣਾਇਆ ਗਿਆ ਸ਼ਾਨਦਾਰ ਘਰ

ਪਲਾਸਟਿਕ ਵੇਸਟ ਪੂਰੀ ਦੁਨੀਆ ਲਈ ਗੰਭੀਰ ਸਮੱਸਿਆ ਬਣਿਆ ਹੋਇਆ ਹੈ। ਇਸ ਨੂੰ ਪੂਰੀ ਤਰ੍ਹਾਂ ਨਾਲ ਖਤਮ ਕਰਨਾ ਨਾ ਦੇ ਬਰਾਬਰ ਹੈ। ਦੁਨੀਆ ਦੇ ਜ਼ਿਆਦਾਤਰ ਦੇਸ਼ ਇਸ ਸਮੱਸਿਆ ਦੇ ਨਿਪਟਾਰੇ ਲਈ ਕਈ ਤਰ੍ਹਾਂ ਦੇ ਪ੍ਰਯੋਗ ਕਰ ਰਹੇ ਹਨ। ਕੁਝ ਦੇਸ਼ਾਂ ਵਿਚ ਪਲਾਸਟਿਕ ਕਚਰੇ ਨਾਲ ਸੜਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਤਾਂ ਕਿਤੇ ਇਸ ਨਾਲ ਈਂਧਣ ਬਣਾਇਆ ਜਾ ਰਿਹਾ ਹੈ। ਉੱਥੇ ਕੈਨੇਡਾ ਦੇ ਬਿਲਡਰਾਂ ਨੇ ਪਲਾਸਟਿਕ ਦੇ ਕਚਰੇ ਨੂੰ ਵਾਤਾਵਰਣ ਦੇ ਅਨੁਕੂਲ ਢਾਲਣ ਦਾ ਨਵਾਂ ਤਰੀਕਾ ਖੋਜਿਆ ਹੈ। ਜੋਏਲ ਜਰਮਨ ਅਤੇ ਡੇਵਿਡ ਸਉਲਨਿਰ (Joel German and David Saulnier) ਦੀ ਅਗਵਾਈ ਵਾਲੀ ਨਿਰਮਾਣ ਕੰਪਨੀ ਜੇ.ਡੀ. ਕੰਪੋਜ਼ਿਟਸ (JD Composites) ਨੇ ਪਲਾਸਟਿਕ ਕਚਰੇ ਦੀ ਮਦਦ ਨਾਲ ਤਿੰਨ ਬੈੱਡਰੂਮ ਵਾਲਾ ਇਕ ਘਰ ਤਿਆਰ ਕੀਤਾ ਹੈ ਜੋ ਆਪਣੀ ਤਰ੍ਹਾਂ ਦਾ ਪਹਿਲਾ ਘਰ ਹੈ।ਮੇਟਾਗਨ ਨਦੀ ਦੇ ਕਿਨਾਰੇ ਬਣਿਆ ਇਹ ਘਰ ਕਿਸੇ ਵੀ ਆਮ ਘਰ ਵਾਂਗ ਦਿੱਸਦਾ ਹੈ। ਇਸ ਵਿਚ ਇਕ ਰਸੋਈ ਘਰ, ਤਿੰਨ ਬੈੱਡਰੂਮ, ਬਾਥਰੂਮ ਅਤੇ ਟੈਰਿਸ ਹੈ। ਪਹਿਲੀ ਨਜ਼ਰ ਵਿਚ ਤੁਸੀਂ ਨਹੀਂ ਜਾਣ ਪਾਓਗੇ ਕਿ ਇਹ ਘਰ ਕਿਸ ਪਦਾਰਥ (material) ਨਾਲ ਬਣਿਆ ਹੈ। ਇਸ ਘਰ ਨੂੰ ਬਣਾਉਣ ਵਿਚ ਲੱਗਭਗ 6 ਲੱਖ ਤੋਂ



ਜ਼ਿਆਦਾ ਪਲਾਸਟਿਕ ਬੋਤਲਾਂ ਦੀ ਵਰਤੋਂ ਕੀਤੀ ਗਈ ਹੈ। ਇਸ ਘਰ ਦੀਆਂ ਕੰਧਾਂ ਖਾਸ ਤਰ੍ਹਾਂ ਦੇ ਫੋਮ ਨਾਲ ਬਣਾਈਆਂ ਗਈਆਂ ਹਨ, ਜਿਸ ਨੂੰ ਪੀ.ਈ.ਟੀ. (Polyethylene Terephthalate) ਕਿਹਾ ਜਾਂਦਾ ਹੈ। ਇਸ ਨੂੰ ਬਣਾਉਣ ਲਈ ਪਲਾਸਟਿਕ ਕਚਰੇ ਨੂੰ ਰੀਸਾਈਕਲ ਕਰ ਕੇ ਨਵਾਂ ਆਕਾਰ ਦਿੱਤਾ ਗਿਆ ਹੈ। ਪੀ.ਈ.ਟੀ. ਨੂੰ ਬਣਾਉਣ ਲਈ ਸਭ ਤੋਂ ਪਹਿਲਾਂ ਪਲਾਸਟਿਕ ਕਚਰੇ ਨੂੰ ਗਰਮ ਕਰ ਕੇ ਪਿਘਲਾਇਆ ਜਾਂਦਾ ਹੈ। ਦੂਜੇ ਪੜਾਅ ਵਿਚ ਪਿਘਲੇ ਹੋਏ ਪਲਾਸਟਿਕ ਕਚਰੇ ਨਾਲ ਛੋਟੇ-ਛੋਟੇ ਪੈਲੇਟਸ (pellets) ਬਣਾ ਲਏ ਜਾਂਦੇ ਹਨ। ਇਸ ਮਗਰੋਂ ਇਨ੍ਹਾਂ ਪੈਲੇਟਸ ਨੂੰ ਇਕ ਵੱਡੇ ਆਕਾਰ ਦੇ ਟੈਂਕ ਵਿਚ ਪਾਇਆ ਜਾਂਦਾ ਹੈ। ਇੱਥੇ ਇਨ੍ਹਾਂ ਪੈਲੇਟਸ ਨੂੰ ਗੈਸਾਂ ਨਾਲ ਮਿਲਾਇਆ ਜਾਂਦਾ ਹੈ। ਟੈਂਕ ਵਿਚ ਮੌਜੂਦ ਗੈਸ ਪਲਾਸਟਿਕ ਦੇ ਪੈਲੇਟਸ ਨੂੰ ਪਿਘਲਾ ਕੇ ਫੋਮ ਵਿਚ ਤਬਦੀਲ ਕਰ ਦਿੰਦੀ ਹੈ। ਟੈਂਕ ਵਿਚੋਂ ਬਾਹਰ ਨਿਕਲਣ ਦੇ ਬਾਅਦ ਇਹ ਫੋਮ ਬਿਲਕੁੱਲ ਸ਼ੇਵਿੰਗ ਫੋਮ ਦੀ ਤਰ੍ਹਾਂ ਕੰਮ ਕਰਦਾ ਹੈ। ਇਸ ਨੂੰ ਜਿਵੇਂ ਹੀ ਬਾਹਰ ਕੱਢਿਆ ਜਾਂਦਾ ਹੈ ਇਹ ਫੈਲਣਾ ਸ਼ੁਰੂ ਹੋ ਜਾਂਦੀ ਹੈ। ਠੰਡੀ ਹੋਣ ਦੇ ਬਾਅਦ ਇਹ ਫੋਮ ਠੋਸ ਹੋ ਜਾਂਦੀ ਹੈ। ਇਹ ਫੋਮ ਨਾਂ ਤਾਂ ਸੜਦੀ ਹੈ ਅਤੇ ਨਾ ਹੀ ਇਸ ਵਿਚ ਉੱਲੀ ਲੱਗਦੀ ਹੈ। ਬਿਲਡਰਾਂ ਨੇ ਇਸੇ ਫੋਮ ਦੀ ਵਰਤੋਂ ਕਰ ਕੇ ਗ੍ਰੀਨ ਹਾਊਸ ਦੀਆਂ 5.9 ਇੰਚ ਦੀਆਂ ਕੰਧਾਂ ਦਾ ਨਿਰਮਾਣ ਕੀਤਾ ਹੈ। ਪਲਾਸਟਿਕ ਕਚਰੇ ਨਾਲ ਬਣੇ ਇਹ ਪੈਨਲ ਸਖਤ ਮੌਸਮ ਦਾ ਸਾਹਮਣਾ ਕਰਨ ਵਿਚ ਪੂਰੀ ਤਰ੍ਹਾਂ ਸਮਰੱਥ ਹਨ। ਫੋਮ ਨੂੰ ਘਰ ਦੇ ਅੰਦਰ ਅਤੇ ਬਾਹਰ ਦੋਵੇਂ ਜਗ੍ਹਾ 'ਤੇ ਫਾਈਬਰਗਲਾਸ ਨਾਲ ਕਵਰ ਕੀਤਾ ਜਾਂਦਾ ਹੈ।